## ਸੇਵਾਵਾਂ ਵਾਲੇ ਇਲਾਕਿਆਂ ਦਾ ਸੰਖੇਪ

### ਮੁੱਖ ਦਫਤਰ
ਸੋਮਵਾਰ ਤੋਂ ਸ਼ੁਕਰਵਾਰ 9–5
1720 Grant Street
Vancouver, V5L 2Y7
ਫੋਨ: 604 254 9626

### ਬਰਨਬੀ ਦਫਤਰ
ਸੋਮਵਾਰ ਤੋਂ ਸ਼ੁਕਰਵਾਰ 9–5
7297 Kingsway
Burnaby, V5E 1G5
ਫੋਨ: 604 636 4712

### ਬਰਨਬੀ ਦਫਤਰ – ਸੀ ਸੀ ਐੱਮ ਸਥਾਨ
(ਕਰਿਸਟਲ ਮਾਲ ਦੇ ਅੰਦਰ)
4533 Kingsborough Street
Burnaby, V5H 4V3
ਫੋਨ: 604 877 8606

### ਨਿਊ ਵੈੱਸਟਮਿਨਸਟਰ ਦਫਤਰ
ਫਰੇਜ਼ਰਸਾਈਡ ਕਮਿਉਨਟੀ
ਸਰਵਿਸਿਜ਼ ਵਾਲਾ ਸਥਾਨ
2nd Floor – 519 7th Street
New Westminster, V3M 6A7
ਫੋਨ: 604 522 3722 ਐਕਸਟੈਨਸ਼ਨ 155


ਫੰਡ ਇਨ੍ਹਾਂ ਤੋਂ ਮਿਲੇ:
ਮਨਿਸਟਰੀ ਆਫ ਐਡਵਾਂਸਡ ਐਜੂਕੇਸ਼ਨ
ਐਂਡ ਲੇਬਰ ਮਾਰਕੀਟ ਡਿਵੈਲਪਮੈਂਟ
ਇਮੀਗਰਾਂਟ ਇਨਟੈਗਰੇਸ਼ਨ ਬਰਾਂਚ
ਵੈੱਲਕਮ ਬੀ ਸੀ ਲਈ ਜ਼ਿੰਮੇਵਾਰ


British Columbia | WelcomeBC

## ਮੌਜ਼ੈਕ ਕੀ ਹੈ?

ਮੌਜ਼ੈਕ ਇਕ ਬਹੁਭਾਸ਼ਾਈ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਏਜੰਸੀ ਹੈ ਜੋ ਕਿ ਇਮੀਗਰਾਂਟਾਂ ਅਤੇ ਰਫਿਊਜੀਆਂ ਦੀਆਂ ਵਸੇਬੇ ਅਤੇ ਸਮਾਜ ਵਿਚ ਅਨੁਕੂਲ ਬਣਨ ਦੀਆਂ ਲੋੜਾਂ ਵਿਚ ਮਦਦ ਕਰਨ ਲਈ ਸਮਰਪਿਤ ਹੈ। ਬਹੁਤ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਰਾਹੀਂ, ਮੌਜ਼ੈਕ ਆਪਣੇ ਗਾਹਕਾਂ ਦੀ ਕੈਨੇਡੀਅਨ ਸਮਾਜ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਵਿਚ ਮਦਦ ਕਰਦੀ ਹੈ। 30 ਸਾਲਾਂ ਨਾਲੋਂ ਜ਼ਿਆਦਾ ਸਮਾਂ ਪਹਿਲਾਂ ਦੀ ਆਪਣੀ ਸ਼ੁਰੂਆਤ ਤੋਂ ਲੈ ਕੇ, ਮੌਜ਼ੈਕ, ਲੋਅਰ ਮੇਨਲੈਂਡ ਦੇ ਇਲਾਕੇ ਦੀਆਂ ਇਮੀਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸਭ ਤੋਂ ਵੱਡੀਆਂ ਸੰਸਥਾਵਾਂ ਵਿੱਚੋਂ ਇਕ ਬਣ ਗਈ ਹੈ।

### ਰੁਜ਼ਗਾਰ ਦੇ ਪ੍ਰੋਗਰਾਮ
604 254 0244
employmentprograms@mosaicbc.com

### ਅੰਗਰੇਜ਼ੀ ਜ਼ਬਾਨ ਦੀ ਪੜ੍ਹਾਈ ਦੇ ਸੈਂਟਰ
604 684 8825
esl@mosaicbc.com

### ਪਰਿਵਾਰਾਂ ਲਈ ਪ੍ਰੋਗਰਾਮ
604 254 9626
familyprogram@mosaicbc.com

### ਦੋਭਾਸ਼ੀਏ ਦੀਆਂ ਸੇਵਾਵਾਂ
604 254 8022
interpretations@mosaicbc.com

### ਵਸੇਬੇ ਦੀਆਂ ਸੇਵਾਵਾਂ
604 254 9626
settlement@mosaicbc.com

### ਅਨੁਵਾਦ ਦੀਆਂ ਸੇਵਾਵਾਂ
604 254 0469
commercial@mosaicbc.com

WWW.MOSAICBC.COM

ਮੌਜ਼ੈਕ ਇਕ ਯੁਨਾਈਟਡ ਵੇਅ ਏਜੰਸੀ ਹੈ।


©MOSAIC July 2010


Printed: 067/11
Settlement Program [Punjabi]


MOSAIC

ਵੈਨਕੂਵਰ

ਬਰਨਬੀ

ਨਿਊ ਵੈੱਸਟਮਿਨਸਟਰ

# ਵਸੇਬੇ ਦਾ ਪ੍ਰੋਗਰਾਮ



30 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ, ਕਮਿਉਨਟੀ ਨੂੰ ਬਿਹਤਰ ਬਣਾਉਣ ਲਈ ਇਮੀਗਰਾਂਟਾਂ ਅਤੇ ਰਫਿਊਜੀਆਂ ਨੂੰ ਆਪਣਾ ਯੋਗਦਾਨ ਪਾਉਣ ਦੇ ਯੋਗ ਬਣਾ ਰਹੇ ਹਾਂ

## ਕਈ ਭਾਸ਼ਾਵਾਂ ਵਿਚ ਵਸੇਬੇ ਦੇ ਪ੍ਰੋਗਰਾਮ

ਮੌਜ਼ੈਕ ਦੇ ਬਹੁਭਾਸ਼ਾਈ ਸੈਟਲਮੈਂਟ ਵਰਕਰ, ਬ੍ਰਿਟਿਸ਼ ਕੋਲੰਬੀਆ ਵਿਚ ਆਏ ਇਮੀਗਰਾਂਟਾਂ ਅਤੇ ਕਨਵੈਨਸ਼ਨ ਰਫਿਊਜੀਆਂ ਦੀ ਮਦਦ ਕਰਦੇ ਹਨ। ਉਨ੍ਹਾਂ ਦੀ ਮੁਹਾਰਤ, ਪੇਸ਼ਾਗੀਰੀ ਅਤੇ ਇਮੀਗਰਾਂਟਾਂ 'ਤੇ ਅਸਰ ਪਾਉਣ ਵਾਲੇ ਮਸਲਿਆਂ ਦੀ ਜਾਣਕਾਰੀ, ਨਵੇਂ ਆਉਣ ਵਾਲਿਆਂ ਦੀਆਂ ਲੋੜਾਂ ਅਤੇ ਇੱਛਾਵਾਂ ਦਾ ਪਤਾ ਲਾਉਣ ਲਈ ਇਕ ਬਹੁਤ ਵੱਡਾ ਗੁਣ ਹੈ। ਆਪਣੇ ਗਾਹਕਾਂ ਦੀ ਬਿਹਤਰ ਸੇਵਾ ਕਰਨ ਲਈ, ਮੌਜ਼ੈਕ ਦੇ ਬਹੁਭਾਸ਼ਾਈ ਸੈਟਲਮੈਂਟ ਵਰਕਰ, ਕਮਿਊਨਟੀ ਵਿਚ ਮਿਲਣ ਵਾਲੇ ਵਸੀਲਿਆਂ ਬਾਰੇ ਆਪਣੇ ਗਿਆਨ ਨੂੰ ਲਗਾਤਾਰ ਨਵਿਆਉਂਦੇ ਰਹਿੰਦੇ ਹਨ। ਇਸ ਤਾਜ਼ੀ ਜਾਣਕਾਰੀ ਨਾਲ ਉਹ ਆਪਣੇ ਗਾਹਕਾਂ ਨੂੰ ਢੁਕਵੀਂ ਅਤੇ ਅਸਰਦਾਰ ਸਲਾਹ ਦਿੰਦੇ ਹਨ।

## ਬਹੁਭਾਸ਼ਾਈ ਸੈਟਲਮੈਂਟ ਵਰਕਰ ਇਹ ਕਰਦੇ ਹਨ:

- ਇਮੀਗਰਾਂਟਾਂ ਦੀਆਂ ਲੋੜਾਂ ਦਾ ਪਤਾ ਲਾਉਂਦੇ ਹਨ ਅਤੇ ਪਛਾਣੇ ਗਏ ਮਸਲਿਆਂ ਅਤੇ ਜ਼ਰੂਰਤਾਂ ਦੇ ਹੱਲ ਲਈ ਉਨ੍ਹਾਂ ਨਾਲ ਕੰਮ ਕਰਦੇ ਹਨ।
- ਕੈਨੇਡੀਅਨ ਸਮਾਜ ਬਾਰੇ ਮੁਢਲੀ ਜਾਣਕਾਰੀ ਦਿੰਦੇ ਹਨ, ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੇ ਕਨੂੰਨੀ ਸਿਸਟਮ, ਰੁਜ਼ਗਾਰ ਅਤੇ ਨੌਕਰੀਆਂ ਦੇ ਮੌਕਿਆਂ, ਸਿਹਤ ਸੰਭਾਲ ਦੀਆਂ ਸੇਵਾਵਾਂ, ਰਿਹਾਇਸ਼ਾਂ, ਪੜ੍ਹਾਈ ਅਤੇ ਈ ਐੱਸ ਐੱਲ ਦੀ ਟਰੇਨਿੰਗ ਬਾਰੇ ਜਾਣਕਾਰੀ ਦੇਣਾ ਸ਼ਾਮਲ ਹੈ।
- ਈ ਐੱਸ ਐੱਲ ਕਲਾਸਾਂ ਅਤੇ ਰੁਜ਼ਗਾਰ ਦੇ ਪ੍ਰੋਗਰਾਮਾਂ ਕੋਲ ਭੇਜਦੇ ਹਨ।
- ਆਮ ਰੈਜ਼ਮੇ ਲਿਖਣ ਵਿਚ ਮਦਦ ਕਰਦੇ ਹਨ।
- ਮੁਢਲੇ ਫਾਰਮ ਭਰਦੇ ਹਨ।

## ਸੇਵਾਵਾਂ 20 ਜ਼ਬਾਨਾਂ ਵਿਚ ਦਿੱਤੀਆਂ ਜਾਂਦੀਆਂ ਹਨ

- ਅਰਬੀ
- ਕੈਂਟੋਨੀਜ਼
- ਦਾਰੀ
- ਅੰਗਰੇਜ਼ੀ
- ਫਾਰਸੀ
- ਫਰਾਂਸੀਸੀ
- ਜਰਮਨ
- ਹਿੰਦੀ
- ਇਟਾਲੀਅਨ
- ਕੋਰੀਅਨ
- ਕੁਰਦਿਸ਼
- ਲਿੰਗਾਲਾ
- ਮੈਨਡਾਰਿਨ
- ਪੰਜਾਬੀ
- ਰਸ਼ੀਅਨ
- ਸਪੈਨਿਸ਼
- ਸਵਾਹਿਲੀ
- ਟੈਗਾਲੋਗ
- ਉਰਦੂ
- ਵੀਅਤਨਾਮੀ

## ਮੌਜ਼ੈਕ ਵਲੋਂ ਦਿੱਤੀਆਂ ਜਾਂਦੀਆਂ ਵਸੇਬੇ ਦੀਆਂ ਹੋਰ ਸੇਵਾਵਾਂ

- ਕਨੂੰਨੀ ਹਿਮਾਇਤ ਦਾ ਪ੍ਰੋਗਰਾਮ
- ਸੈਪਾਰੇਟਿਡ ਚਿਲਡਰਨ ਇਨਟਰਵੈਨਸ਼ਨ ਐਂਡ ਓਰੀਅਨਟੇਸ਼ਨ ਨੈੱਟਵਰਕ (ਐੱਸ ਸੀ ਆਈ ਓ ਐੱਨ)
- ਕੰਮ ਸਥਾਨ ਨਾਲ ਸੰਪਰਕ
- ਸਭਿਆਚਾਰਕ ਸੰਪਰਕ
- ਸਟੈੱਪ ਅਹੈੱਡ ਸੈਟਲਮੈਂਟ ਇਨਹੈਂਸਮੈਂਟ ਪ੍ਰੋਜੈਕਟ
- ਕਮਿਊਨਟੀ ਆਊਟਰੀਚ ਪ੍ਰੋਗਰਾਮ
- ਕਮਿਊਨਟੀ ਵਾਲੰਟੀਅਰ ਪ੍ਰੋਗਰਾਮ
- ਖੋਜ ਅਤੇ ਵਿਕਾਸ ਯੂਨਿਟ
- ਕਈ ਜ਼ਬਾਨਾਂ ਵਿਚ ਕਨੂੰਨੀ ਜਾਣਕਾਰੀ ਦੇਣ ਵਾਲਾ ਵੈੱਬਸਾਈਟ
- ਬਜ਼ੁਰਗਾਂ ਦੇ ਪ੍ਰੋਗਰਾਮ

## ਮਿਲਣ ਲਈ ਸਮਾਂ ਨਿਸ਼ਚਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

ਉਡੀਕ ਕਰਨ ਤੋਂ ਬਚਣ ਲਈ, ਅਸੀਂ ਆਪਣੇ ਗਾਹਕਾਂ ਨੂੰ ਉਤਸ਼ਾਹ ਦਿੰਦੇ ਹਾਂ ਕਿ ਉਹ ਮੌਜ਼ੈਕ ਦੇ ਕਿਸੇ ਵੀ ਸਥਾਨ 'ਤੇ ਜਾਣ ਤੋਂ ਪਹਿਲਾਂ ਕਿਸੇ ਸੈਟਲਮੈਂਟ ਵਰਕਰ ਨਾਲ ਅਪੌਇੰਟਮੈਂਟ ਬਣਾਉਣ।

ਮਦਦ ਮੁਫਤ ਕੀਤੀ ਜਾਂਦੀ ਹੈ ਅਤੇ ਇਹ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ।

ਲੈਂਡਿਡ ਇਮੀਗਰਾਂਟਾਂ (ਪੱਕੇ ਵਸਨੀਕਾਂ), ਕਨਵੈਨਸ਼ਨ ਰਫਿਊਜੀਆਂ, ਰਫਿਊਜੀ ਦਾ ਕਲੇਮ ਕਰਨ ਵਾਲਿਆਂ, ਸਿਟੀਜ਼ਨ ਬਣੇ ਲੋਕਾਂ, ਲਿਵ-ਇਨ ਕੇਅਰਗਿਵਰਜ਼, ਹੁਨਰਮੰਦ ਕਾਮਿਆਂ ਅਤੇ ਹੋਰਨਾਂ ਲਈ ਉਪਲਬਧ।